ਵਲੋਂ

ਡਾਇਰੈਕਟਰ,
ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
(ਤਕਨੀਕੀ ਸਿੱਖਿਆ ਵਿੰਗ), ਪੰਜਾਬ, ਚੰਡੀਗੜ੍ਹ।

ਸੇਵਾ ਵਿਖੇ

ਡਾਇਰੈਕਟਰ,
ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ ਵਿਭਾਗ,
ਐਸ.ਸੀ.ਓ. ਨੰ: 128-129, ਸੈਕਟਰ 34-ਏ,
ਪੰਜਾਬ, ਚੰਡੀਗੜ੍ਹ।

ਮੀਮੋ ਨੰ: 1 ਟੀਈ/ਪੀ.ਐਮ.ਐਸ. /ਸਕਾਲਰਸ਼ਿਪ
ਮਿਤੀ:

ਵਿਸ਼ਾ: **Implementation of Direct Cash Transfer (DCT) Scheme - PMS**

ਇਸ ਸਬੰਧੀ ਦੱਸਿਆ ਜਾਂਦਾ ਹੈ ਕਿ ਪੀ.ਐਮ.ਐਸ. ਸਕੀਮ ਅਧੀਨ ਕਵਰ ਹੁੰਦੇ ਐਸ.ਸੀ./ਓ.ਬੀ.ਸੀਜ਼ ਵਿਦਿਆਰਥੀਆਂ ਨੂੰ ਬਣਦਾ ਲਾਭ ਆਪ ਜੀ ਦੇ ਵਿਭਾਗ ਵਲੋਂ ਸਿੱਧੇ ਤੌਰ ਤੇ ਦਿੱਤਾ ਜਾਂਦਾ ਹੈ। ਸਰਕਾਰ ਦੇ ਆਦੇਸ਼ਾਂ ਅਨੁਸਾਰ ਲਾਭ ਪਾਤਰੀਆਂ ਦੇ ਬੈਂਕ ਖਾਤੇ (ਯੂ.ਆਈ.ਡੀ.) ਬੇਸਡ ਤੇ ਖੋਲੇ ਜਾਣੇ ਹਨ। ਇਸ ਦਫਤਰ ਵਲੋਂ ਪੱਤਰ ਨੰ: 70 ਮਿਤੀ 16.04.2013 ਰਾਹੀਂ (ਕਾਪੀ ਨੱਥੀ ਹੈ) ਪੰਜਾਬ ਰਾਜ ਦੇ ਸਾਰੇ ਡਿਪਟੀ ਕਮਿਸ਼ਨਰਜ਼ ਨੂੰ ਲਿਖਿਆ ਗਿਆ ਹੈ ਕਿ ਸਾਰੀਆਂ ਤਕਨੀਕੀ ਸੰਸਥਾਵਾਂ ਦੇ ਯੋਗ ਲਾਭ ਪਾਤਰੀਆਂ ਦੇ ਆਧਾਰ ਕਾਰਡ ਬੇਸਡ ਬੈਂਕ ਖਾਤੇ ਪਹਿਲ ਦੇ ਆਧਾਰ ਤੇ ਖੁਲਵਾਉਣ ਲਈ ਸੰਸਥਾਵਾਂ ਵਿੱਚ ਆਧਾਰ ਕਾਰਡ ਬਣਵਾਉਣ ਦੀ ਕ੍ਰਿਪਾਲਤਾ ਕੀਤੀ ਜਾਵੇ।

ਉਪਰੋਕਤ ਦੇ ਸਨਮੁੱਖ ਬੇਨਤੀ ਕੀਤੀ ਜਾਂਦੀ ਹੈ ਕਿ ਹਰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਇਹ ਬੇਨਤੀ ਕਰ ਦਿੱਤੀ ਜਾਵੇ ਕਿ ਉਹ ਆਪਣੇ ਜ਼ਿਲ੍ਹੇ ਵਿੱਚ ਆਉਂਦੀਆਂ ਤਕਨੀਕੀ ਸੰਸਥਾਵਾਂ ਦੇ ਉਪਰੋਕਤ ਸਕੀਮ ਅਧੀਨ ਕਵਰ ਹੁੰਦੇ ਸਾਲ 2012-13 ਦੇ ਵਿਦਿਆਰਥੀਆਂ ਦੇ ਆਧਾਰ ਕਾਰਡ ਸੰਸਥਾਵਾਂ ਵਿੱਚ ਹੀ ਬਣਵਾਉਣ ਲਈ ਆਪਣੇ ਪੱਧਰ ਤੇ ਵੀ ਯੋਗ ਉਪਰਾਲੇ ਕਰਨ ਤਾਂ ਜੋ ਲਾਭਪਾਤਰੀਆਂ ਦੇ ਆਧਾਰ ਕਾਰਡ ਬੇਸਡ ਬੈਂਕ ਅਕਾਉਂਟ ਜਲਦੀ ਤੋਂ ਜਲਦੀ ਖੋਲੇ ਜਾ ਸਕਣ।

ਨੱਥੀ/ਉਪਰੋਕਤ ਅਨੁਸਾਰ

ਸੀ
ਵਧੀਕ ਡਾਇਰੈਕਟਰ,
ਵਾ: ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।

ਪਿੱਠ ਅੰਕਣ ਨੰ: 1 ਟੀਈ/ਪੀ.ਐਮ.ਐਸ. 1846 ਮਿਤੀ: 9/5/13

ਉਪਰੋਕਤ ਦਾ ਉਤਾਰਾ ਸਮੂਹ ਪ੍ਰਿੰਸੀਪਲ/ਡਾਇਰੈਕਟਰ, ਪੰਜਾਬ ਰਾਜ ਵਿੱਚ ਸਥਿਤ ਇੰਜੀਨੀਅਰਿੰਗ/ਬਹੁਤਕਨੀਕੀ ਕਾਲਜਾਂ ਨੂੰ ਇਸ ਦਫਤਰ ਦੇ ਪੱਤਰ ਨੰ: 71 ਮਿਤੀ 16.04.2013 ਦੇ ਹਵਾਲੇ ਵਿੱਚ ਭੇਜਦਿਆਂ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨਾਲ ਤਾਲਮੇਲ ਕਰਕੇ ਅਨੁਸੂਚਿਤ/ਓ.ਬੀ.ਸੀਜ਼ ਦੇ ਸਾਲ 2012-13 ਦੇ ਵਿਦਿਆਰਥੀਆਂ ਦੇ ਆਧਾਰ ਕਾਰਡ (ਯੂ.ਆਈ.ਡੀ.) ਬੇਸਡ ਬੈਂਕ ਖਾਤੇ ਖੁਲਵਾ ਕੇ ਸੂਚਨਾ ਮਿਤੀ 31.05.2013 ਤੱਕ ਮੁੱਖ ਦਫਤਰ ਨੂੰ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

ਵਧੀਕ ਡਾਇਰੈਕਟਰ,
ਵਾ: ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।

ਪਿੱਠ ਅੰਕਣ ਨੰ: 1 ਟੀਈ/ਪੀ.ਐਮ.ਐਸ. ਮਿਤੀ:

ਉਪਰੋਕਤ ਦਾ ਉਤਾਰਾ ਪ੍ਰੋਗਰਾਮਰ, ਕੰਪਿਊਟਰ ਸਾਖਾ ਮੁੱਖ ਦਫਤਰ ਨੂੰ ਭੇਜਦਿਆਂ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਪੱਤਰ ਨੂੰ ਵਿਭਾਗ ਦੀ ਵੈਬ-ਸਾਈਟ ਤੇ ਪਾਉਣ ਦੀ ਕ੍ਰਿਪਾਲਤਾ ਕੀਤੀ ਜਾਵੇ।

ਵਧੀਕ ਡਾਇਰੈਕਟਰ,
ਵਾ: ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ